# ਵੱਡੇ ਸਰਮਾਏਦਾਰਾਂ ਦੇ ਸੇਵਾਦਾਰ

ਸਦਰ ਓਬਾਮਾ ਦੇ ਬਣਾਏ ਹੋਏ ਪਬਲਿਕ ਹੈਲਥ ਕਾਨੂੰਨ ਬਾਰੇ ਸੁਪ੍ਰੀਮ ਕੋਰਟ ਦੇ ਫੈਸਲੇ ਦਾ ਅਮਰੀਕਾ ਵਿਚ ਬਹੁਤ ਬੇਤਾਬੀ ਨਾਲ ਇੰਤਜ਼ਾਰ ਹੋ ਰਿਹਾ ਸੀ। ਜੂਨ 28 ਨੂੰ ਅਮਰੀਕਾ ਦੀ ਸੁਪ੍ਰੀਮ ਕੋਰਟ ਨੇ ਆਪਣਾ ਫੈਸਲਾ ਦੇ ਕੇ ਇਸ ਕਾਨੂੰਨ ਨੂੰ ਪਰਵਾਨ ਕਰ ਲਿਆ ਹੈ। ਅਮਰੀਕਾ ਦੇ ਸਮਾਜ ਦੀ ਚਾਲ ਨੂੰ ਘੋਖਣ ਵਾਲਿਆਂ ਲਈ ਇਹ ਫੈਸਲਾ ਕੋਈ ਹੈਰਾਨੀ ਵਾਲਾ ਨਹੀਂ ਸੀ। ਉਨ੍ਹਾਂ ਦਾ ਪਹਿਲਾਂ ਹੀ ਅੰਦਾਜ਼ਾ ਸੀ ਕਿ ਸੁਪ੍ਰੀਮ ਕੋਰਟ ਇਸ ਕਾਨੂੰਨ ਨੂੰ ਪਰਵਾਨ ਕਰ ਲਏਗੀ।

ਇਸ ਕਾਨੂੰਨ ਦੇ ਆਸਰੇ ਓਬਾਮਾ ਹਕੂਮਤ ਹੁਣ ਅਰਬਾਂ ਖਰਬਾਂ ਡਾਲਰ ਬੀਮਾ ਕੰਪਨੀਆਂ ਦੇ ਹਵਾਲੇ ਕਰ ਦੇਵੇਗਾ। ਇਕ ਜਾਇਜ਼ੇ ਮੁਤਾਬਿਕ ਸਰਕਾਰੀ ਖ਼ਜ਼ਾਨੇ ਵਿਚੋਂ 500 ਬਿਲੀਅਨ ਡਾਲਰ ਬੀਮਾ ਕੰਪਨੀਆਂ ਨੂੰ ਦਿਤਾ ਜਾਵੇਗਾ। ਜ਼ਾਹਿਰ ਹੈ ਕਿ ਬੀਮਾ ਕੰਪਨੀਆਂ ਵੀ ਇਸ ਕਾਨੂੰਨ ਦੇ ਪਾਸ ਹੋਣ ਤੇ ਬਹੁਤ ਹੀ ਖ਼ੁਸ਼ ਹਨ। ਦੱਸਿਆ ਜਾਂਦਾ ਹੈ ਕਿ ਬੀਮਾ ਕੰਪਨੀਆਂ ਨੇ ਸੈਂਕੜੇ ਮਿਲੀਅਨ ਡਾਲਰ ਇਸ ਕਾਨੂੰਨ ਨੂੰ ਪਾਸ ਕਰਾਉਣ ਲਈ ਲਾਏ ਸੀ ਤੇ ਬੀਮਾ ਕੰਪਨੀਆਂ ਨੇ ਇਕ ਇਕ ਕਾਂਗਰਸਮੈਨ ਜਾਂ ਸੈਨੇਟਰ ਨੂੰ ਕਾਬੂ ਕਰਨ ਲਈ ਚਾਰ ਚਾਰ ਲੌਬੀਅਸਟ ਲਾਏ ਹੋਏ ਹਨ।

ਕਹਿੰਦੇ ਹਨ ਕਿ ਅਮਰੀਕਾ ਵਿਚ 50 ਮਿਲੀਅਨ ਲੋਕਾਂ ਕੋਲ ਸਿਹਤ ਦਾ ਬੀਮਾ ਨਹੀਂ ਅਤੇ ਤਕਰੀਬਨ 100 ਮਿਲੀਅਨ ਲੋਕਾਂ ਕੋਲ ਦੰਦਾਂ ਦੇ ਇਲਾਜ ਲਈ ਕੋਈ ਬੀਮਾ ਅਤੇ ਸਹੂਲਤ ਨਹੀਂ। ਇਸ ਫੈਸਲੇ ਦੇ ਬਾਅਦ ਹੁਣ ਇਨ੍ਹਾਂ ਸਭਨਾਂ ਨੂੰ ਵੀ ਬੀਮਾ ਖ਼ਰੀਦਣਾ ਪਵੇਗਾ ਨਹੀਂ ਤਾਂ ਸਰਕਾਰ ਉਨ੍ਹਾਂ ਨੂੰ ਡੰਡ ਲਾਏਗੀ। ਬੀਮਾ ਕੰਪਨੀਆਂ ਇਸ ਫੈਸਲੇ ਤੇ ਕੱਛਾਂ ਵਜਾ ਰਹੀਆਂ ਹਨ। ਪਿਛਲੇ ਕੁਝ ਮਹੀਨਿਆਂ ਵਿਚ ਮੀਡੀਏ ਵਿਚ ਬਹੁਤ ਰੌਲਾ ਪਾਇਆ ਹੋਇਆ ਸੀ ਕਿ ਇਸ ਕਾਨੂੰਨ ਦਾ ਕੀ ਬਣੇਗਾ। ਕਿਆਸ ਲਾਏ ਜਾ ਰਹੇ ਸੀ ਕਿ ਸ਼ਾਇਦ ਕੰਜ਼ਰਵੇਟਿਵ ਚੀਫ਼ ਜਸਟਿਸ ਅਤੇ ਹੋਰ ਜੱਜ ਇਸ ਕਾਨੂੰਨ ਨੂੰ ਖ਼ਾਰਜ ਕਰ ਦੇਣਗੇ ਅਤੇ ਚਾਰ ਲਿਬਰਲ ਜੱਜ ਇਸ ਦੀ ਹਿਮਾਇਤ ਕਰਨਗੇ। ਪਰ ਬੀਮਾ ਕੰਪਨੀਆਂ ਬਿਲਕੁਲ ਬੇਫਿਕਰ ਸਨ। ਉਨ੍ਹਾਂ ਨੂੰ ਪਤਾ ਸੀ ਕਿ ਉਨ੍ਹਾਂ ਦੇ ਹੁਕਮ ਤੇ ਅਦਾਲਤ ਨੇ ਮੁਹਰ ਲਾਉਣੀ ਹੀ ਲਾਉਣੀ ਹੈ।

ਇਹ ਫੈਸਲਾ ਇਕ ਬਾਰ ਫਿਰ ਸਾਫ਼ ਕਰਦਾ ਹੈ ਕਿ ਅਮਰੀਕਾ ਦੀ ਰਿਆਸਤ ਅਤੇ ਇਸਦੇ ਸਾਰੇ ਅਦਾਰੇ ਵੱਡੇ ਸਰਮਾਏ ਦੀ ਜਕੜ ਵਿਚ ਹਨ ਅਤੇ ਇਸਦਾ ਹਰ ਕਾਨੂੰਨ ਵੱਡੇ ਸਰਮਾਏ ਦਾ ਹੀ ਪੱਖ ਪੂਰਦਾ ਹੈ ਲੋਕਾਂ ਦਾ ਨਹੀਂ। ਲੋਕਾਂ ਦੀ ਮੰਗ ਹੈ ਕਿ ਸਰਕਾਰ ਅਤੇ ਰਿਆਸਤ ਲੋਕਾਂ ਦੀ ਸਿਹਤ ਤੇ ਪੈਸਾ ਖ਼ਰਚ ਕਰਨ। ਵੱਡੇ ਸਰਮਾਏ ਦਾ ਹੁਕਮ ਹੈ ਕਿ ਸਰਕਾਰ ਅਤੇ ਰਿਆਸਤ ਲੋਕਾਂ ਦਾ ਖ਼ਜ਼ਾਨਾ ਉਨ੍ਹਾਂ ਦੇ ਹਵਾਲੇ ਕਰੇ। ਲੋਕਾਂ ਦੀਆਂ ਲੋੜਾਂ ਅਤੇ ਮੰਗਾਂ ਨੂੰ ਇਕ ਬਹਾਨਾ ਬਣਾ ਕੇ ਓਬਾਮਾ ਸਰਕਾਰ, ਕਾਂਗਰਸ ਅਤੇ ਅਦਾਲਤ ਅਰਬਾਂ ਖਰਬਾਂ ਡਾਲਰ ਬੀਮਾ ਕੰਪਨੀਆਂ ਅਤੇ ਵੱਡੇ ਸਰਮਾਏਦਾਰਾਂ ਦੇ ਹਵਾਲੇ ਕਰਨ ਦਾ ਰਾਹ ਹੀ ਮੋਕਲਾ ਕਰ ਰਹੇ ਹਨ।

ਪਹਿਲਾਂ ਵੀ ਬੁਸ਼ ਅਤੇ ਓਬਾਮਾ ਸਰਕਾਰ ਅਤੇ ਰਿਆਸਤ ਨੇ ਬੈਂਕਾਂ ਨੂੰ ਦਿਵਾਲੇ ਤੋਂ ਬਚਾਉਣ ਦੇ ਬਹਾਨੇ ਖ਼ਜ਼ਾਨੇ ਤੋਂ ਕਈ ਟ੍ਰਿਲੀਅਨ ਡਾਲਰ ਇਨ੍ਹਾਂ ਵੱਡੇ ਸਰਮਾਏਦਾਰਾਂ ਦੇ ਹਵਾਲੇ ਕੀਤੇ ਸਨ। ਉਸ ਵੇਲੇ ਇਹ ਬਹਾਨਾ ਬਣਾਇਆ ਗਿਆ ਸੀ ਕਿ ਮੁਆਸ਼ੀਅਤ ਨੂੰ ਬਚਾਉਣ ਲਈ ਇਹ ਬਹੁਤ ਜ਼ਰੂਰੀ ਹੈ। ਪਰ ਲੋਕਾਂ ਦੇ ਕਰਜ਼ੇ ਦੀ ਪੰਡ ਹੌਲੀ ਨਹੀਂ ਹੋਈ ਤੇ ਉਨ੍ਹਾਂ ਦੇ ਰੁਜ਼ਗਾਰ ਦਾ ਕੋਈ ਬੰਦੋਬਸਤ ਨਹੀਂ ਕੀਤਾ ਗਿਆ। ਇਸ ਨਵੇਂ ਕਾਨੂੰਨ ਰਾਹੀਂ ਲੋਕਾਂ ਦੀ ਸਿਹਤ ਦਾ ਬਹਾਨਾ ਬਣਾ ਕੇ ਬੀਮਾ ਕੰਪਨੀਆਂ ਦੇ ਮੁਨਾਫ਼ੇ ਹੋਰ ਵੀ ਵਧਾਏ ਜਾਣਗੇ।

ਸਿਹਤ ਦਾ ਹੱਕ ਬੁਨਿਆਦੀ ਹੱਕ ਹੈ। ਵੱਡਾ ਸਰਮਾਇਆ ਸਿਰਫ਼ ਲੁੱਟ ਖਸੁੱਟ ਦੇ ਹੱਕ, ਮੁਨਾਫਾਖੋਰੀ ਦੇ ਹੱਕ, ਲੋਕਾਂ ਦੇ ਖ਼ਜ਼ਾਨੇ ਲੁੱਟਣ ਦੇ ਹੱਕ ਨੂੰ ਹੀ ਅਸਲੀ ਹੱਕ ਸਮਝਦਾ ਅਤੇ ਤਸਲੀਮ ਕਰਦਾ ਹੈ। ਕੰਜ਼ਰਵੇਟਿਵ ਅਤੇ ਲਿਬਰਲ ਇਸ ਲੁੱਟ ਦੇ ਹਿੱਸੇਦਾਰ ਅਤੇ ਵੱਡੇ ਸਰਮਾਏ ਦੇ ਸੇਵਾਦਾਰ ਹਨ।